# ਪੰਜਾਬ ਸਕੂਲ ਸਿੱਖਿਆ ਬੋਰਡ
## ਪ੍ਰੈੱਸ ਨੋਟ

ਬਾਰ੍ਹਵੀਂ ਪ੍ਰੀਖਿਆ ਸਤੰਬਰ 2012 ਕੰਪਾਰਟਮੈਂਟ (ਸਮੇਤ ਓਪਨ ਸਕੂਲ) ਦਾ ਨਤੀਜਾ ਅੱਜ ਮਿਤੀ 23.11.12 ਨੂੰ ਘੋਸ਼ਿਤ ਕੀਤਾ ਜਾ ਰਿਹਾ ਹੈ। ਪ੍ਰੀਖਿਆਰਥੀਆਂ ਦੇ ਨਤੀਜੇ ਦੇ ਪੂਰੇ ਵੇਰਵੇ, ਦਾਖਲਾ ਫਾਰਮ ਅਤੇ ਹੋਰ ਜਾਣਕਾਰੀ ਮਿਤੀ 24.11.12 ਨੂੰ ਸ਼ਾਮ 6:00 ਵਜੇ ਬੋਰਡ ਦੀ ਵੈਬਸਾਈਟ www.pseb.ac.in ਤੇ ਉਪਲਬੱਧ ਹੋਣਗੇ। ਵਾਧੂ ਵਿਸ਼ਾ, ਕਾਰਗੁਜਾਰੀ ਵਿੱਚ ਸੁਧਾਰ ਅਤੇ ਰੀ-ਅਪੀਅਰ ਪ੍ਰੀਖਿਆਰਥੀਆਂ ਦੀ ਦਾਖਲਾ ਫੀਸ ਭੇਜਣ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ:-

ਫੀਸ (600/- ਰੁ: +50/- ਰੁ: ਪ੍ਰਤੀ ਪ੍ਰਯੋਗੀ ਵਿਸ਼ਾ)

| ਬਿਨ੍ਹਾਂ ਲੇਟ ਫੀਸ | 500/- ਰੁਪਏ ਲੇਟ ਫੀਸ | 1000/- ਰੁਪਏ ਲੇਟ ਫੀਸ | 2000/- ਰੁ: ਲੇਟ ਫੀਸ |
|---|---|---|---|
| 10.12.2012 | 17.12.2012 | 24.12.2012 | 31.12.2012 |

ਨਤੀਜਾ ਵਿਖਾ ਰਹੀਆਂ ਫਰਮਾਂ ਅਤੇ ਇਸ ਨਾਲ ਸੰਬੰਧਤ ਕੋਈ ਵੀ ਸੰਸਥਾ ਜਾਂ ਪੰਜਾਬ ਸਕੂਲ ਸਿੱਖਿਆ ਬੋਰਡ, ਨਤੀਜੇ ਦੇ ਛਪਣ ਵਿੱਚ ਕਿਸੇ ਗਲਤੀ ਲਈ ਜਿੰਮੇਵਾਰ ਨਹੀਂ ਹੈ। ਇਹ ਘੋਸ਼ਿਤ ਕੀਤਾ ਨਤੀਜਾ ਕੇਵਲ ਪ੍ਰੀਖਿਆਰਥੀਆਂ ਦੀ ਤੁਰੰਤ ਜਾਣਕਾਰੀ ਲਈ ਹੈ, ਇਸ ਨੂੰ ਅਸਲ ਨਤੀਜਾ ਨਹੀਂ ਮੰਨਿਆ ਜਾ ਸਕਦਾ। ਅਸਲ ਨਤੀਜਾ ਕਾਰਡ ਬੋਰਡ ਵੱਲੋਂ ਵੱਖਰੇ ਤੌਰ ਤੇ ਜਾਰੀ ਕੀਤੇ ਜਾਣਗੇ। ਪ੍ਰੀਖਿਆਰਥੀਆਂ ਨੂੰ ਨਸੀਹਤ ਕੀਤੀ ਜਾਂਦੀ ਹੈ ਕਿ ਉਹ ਠੀਕ ਜਾਣਕਾਰੀ ਲਈ ਬੋਰਡ ਵੱਲੋਂ ਜਾਰੀ ਨਤੀਜਾ ਕਾਰਡਾਂ ਤੇ ਹੀ ਨਿਰਭਰ ਕਰਨ।

(ਡਾ: ਬਲਵਿੰਦਰ ਸਿੰਘ)
ਸਕੱਤਰ